# साणु तेरे मिलन दा चाह वे

जरा कुंडला नु, जरा मुकटा नु, छनका वे
साणु तेरे मिलन दा चाह वे -2

मेरे नाल दिया सब सईआं
ओह ता पानी भरन नू गईया
मेनू पानी दा, पानी भरन दा, बड़ा चाह वे
श्याम आवे ता गगरिया उठावे
जरा कुंडला नु......

मेरे नाल दिया सब सईआं
ओह ता झूला झूलन नू गईया
मेनू झूले दा, झूला झूलन दा, बड़ा चाह वे
श्याम आवे ता झूला झुलावे
जरा कुंडला नु......

मेरे नाल दिया सब सईआं
ओह ता खेल खेलन नू गईया
मेनू खेलन दा, खेल खिलावन दा, बड़ा चाह वे
श्याम आवे ता रास रचावे
जरा कुंडला नु......

मेरे नाल दिया सब सईआं
ओह ता दर्शन करन नू गईया
मेनू दर्शन दा, दर्शन करने दा, बड़ा चाह वे।
श्याम आवे ता दर्श दिखावे
जरा कुंडला नु......

ਜ਼ਰਾ ਕੁੰਡਲਾਂ ਨੂੰ, ਜ਼ਰਾ ਮੁੱਕਟਾਂ ਨੂੰ, ਛਣਕਾ ਵੇ,
ਸਾਨੂੰ, ਤੇਰੇ ਮਿਲਣ ਦਾ ਚਾਅ ਵੇ ...-2

ਮੇਰੇ ਨਾਲ ਦੀਆਂ ਸਭ ਸਈਆਂ,
ਉਹ ਤਾਂ ਪਾਣੀ ਭਰਨ ਨੂੰ ਗਈਆਂ ॥
ਮੈਨੂੰ ਪਾਣੀ ਦਾ, ਪਾਣੀ ਭਰਨ ਦਾ, ਬੜਾ ਚਾਅ ਵੇ,
ਸ਼ਿਆਮ ਆਵੇ ਤਾਂ ਗਗਰੀਆ ਉਠਾਵੇ ॥
ਜ਼ਰਾ ਕੁੰਡਲਾਂ ਨੂੰ....

ਮੇਰੇ ਨਾਲ ਦੀਆਂ ਸਭ ਸਈਆਂ,
ਉਹ ਤਾਂ ਝੂਲਾ ਝੂਲਣ ਨੂੰ ਗਈਆਂ ॥
ਮੈਨੂੰ ਝੂਲੇ ਦਾ, ਝੂਲਾ ਝੂਲਣ ਦਾ, ਬੜਾ ਚਾਅ ਵੇ,
ਸ਼ਿਆਮ ਆਵੇ ਤਾਂ ਝੂਲਾ ਝੁਲਾਵੇ ॥
ਜ਼ਰਾ ਕੁੰਡਲਾਂ ਨੂੰ.....

ਮੇਰੇ ਨਾਲ ਦੀਆਂ ਸਭ ਸਈਆਂ,
ਉਹ ਤਾਂ ਖੇਲ ਖੇਲਣ ਨੂੰ ਗਈਆਂ ॥
ਮੈਨੂੰ ਖੇਲਣ ਦਾ, ਖੇਲ ਖੇਲਾਵਣ ਦਾ, ਬੜਾ ਚਾਅ ਵੇ,
ਸ਼ਿਆਮ ਆਵੇ ਤਾਂ ਰਾਸ ਰਚਾਵੇ ॥
ਜ਼ਰਾ ਕੁੰਡਲਾਂ ਨੂੰ......

ਮੇਰੇ ਨਾਲ ਦੀਆਂ ਸਭ ਸਈਆਂ,
ਉਹ ਤਾਂ ਦਰਸ਼ਨ ਕਰਨ ਨੂੰ ਗਈਆਂ ॥
ਮੈਨੂੰ ਦਰਸ਼ਨ ਦਾ, ਦਰਸ਼ਨ ਕਰਨੇ ਦਾ, ਬੜਾ ਚਾਅ ਵੇ,
ਸ਼ਿਆਮ ਆਵੇ ਤਾਂ ਦਰਸ਼ ਦਿਖਾਵੇ ॥
ਜ਼ਰਾ ਕੁੰਡਲਾਂ ਨੂੰ......

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/22783/title/Sanu-tere-milan-da-chaa-ve

अपने Android मोबाइल पर BhajanGanga App डाउनलोड करें और भजनों का आनंद ले |